# ਕਬਿ ਕਲ ਸੁਜਸੁ ਗਾਵਉ ਗੁਰ ਨਾਨਕ-੬

ਪਿਛਲੇ ਪੰਜ ਅੰਕ ਜੋੜ ਕੇ ਪੜ੍ਹੋ ਜੀ। ਇਹ, 'ਸਵਈਏ ਮਹਲੇ ਪਹਿਲੇ ਕੇ' ਬਾਣੀ ਵਿਚ ਅਗਲੇ, ਨੌਵੇਂ ਸਵਈਏ ਦੀ ਵਿਆਖਿਆ ਹੈ:

**ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ॥**

-- ਕਵੀ ਕਲ ਸਹਾਰ ਜੀ ਫ਼ੁਰਮਾਣ ਕਰਦੇ ਹਨ ਕਿ ਪਤਾਲ ਲੋਕ ਦਾ ਨਿਵਾਸੀ ਭਗਤ, ਰਾਜਾ ਬਲ ਅਤੇ ਸ਼ੇਸ਼ਨਾਗ ਆਦਿ ਟੇਢਾ ਗਮਨ ਕਰਨ ਵਾਲੇ ਸਰਪ, ਗੁਰੂ ਨਾਨਕ ਦੇ ਗੁਣਾਂ ਦਾ ਜਾਪ ਕਰਦੇ ਹਨ।

ਸ਼ੇਸ਼ਨਾਗ ਦੀ ਤਾਂ ਬਾਲ ਗੁਰੂ ਨਾਨਕ ਨੂੰ ਸੁਤੇ ਨੂੰ ਛਾਂ ਕਰਣ ਦੀ ਸਾਖੀ ਵੀ ਮੌਜੂਦ ਹੈ।

**ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ॥**

-- ਮਹਾਦੇਵ, ਸ਼ਿਵ ਸਦਾ ਗੁਰੂ ਨਾਨਕ ਦੇ ਗੁਣਾਂ ਦਾ ਜਾਪ ਕਰਦਾ ਹੈ ਅਤੇ ਸਾਰੇ ਜੋਗੀ, ਜਤੀ ਅਤੇ ਜੰਗਮ ਭੇਖ ਵਾਲੇ ਵੀ ਗੁਰੂ ਨਾਨਕ ਦਾ ਹੀ ਜਾਪ ਕਰਦੇ ਹਨ।

**ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ॥**

-- ਬਿਆਸ ਮੁਨੀ, ਜਿਨ੍ਹਾਂ ਨੇ ਸਾਰੇ ਵੇਦਾਂ ਨੂੰ ਵਿਆਕਰਣ ਦੁਆਰਾ ਵਿਚਾਰਿਆ ਹੈ, ਭਾਵ ਵਡੇ ਗਿਆਤਾ ਹਨ, ਉਹ ਵੀ ਗੁਰੂ ਨਾਨਕ ਦੇ ਗੁਣਾਂ ਦਾ ਜਾਪ ਕਰਦੇ ਹਨ।

ਭਗਤ ਰਵਿਦਾਸ ਜੀ ਜੀ ਦਸਦੇ ਹਨ ਕਿ ਰਿਖੀ ਬਿਆਸ ਜੀ ਬੰਦਗੀ ਦੇ ਮਾਧਿਅਮ ਰਾਹੀਂ ਪਰਮਾਰਥ ਦੀ ਗਲ ਸਮਝਾਈ ਹੈ ਕਿ ਜਿੰਨੇ ਮਰਜ਼ੀ ਧਰਮ ਗ੍ਰੰਥਾਂ ਦੇ ਪਾਠ ਪੜ੍ਹੀ ਜਾਓ, ਸਾਰੇ ਤਾਂ ਗਿਣਤੀ ਦੇ ਅਖਰਾਂ ਵਿਚ ਹੀ ਸੀਮਤ ਹੁੰਦੇ ਹਨ, ਰਾਮ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ - 'ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥ ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥', ਪੰਨਾ ੬੫੮. ਤਾਂ ਹੀ ਉਨ੍ਹਾਂ ਨੇ ਗੁਰੂ ਨਾਨਕ ਦਾ ਜੱਸ ਗਾਇਆ। ਰਿਖੀ ਵਿਆਸ ਜੀ, ਸ੍ਰੀ ਕ੍ਰਿਸ਼ਨ ਜੀ ਦੇ ਹੁਕਮ ਵਿਚ ਸਨ।

**ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ॥**

-- ਬ੍ਰਹਮਾ ਵੀ ਗੁਰੂ ਨਾਨਕ ਨੂੰ ਜਪਦਾ ਹੈ, ਜਿਸ ਗੁਰੂ ਨਾਨਕ ਦੇ ਹੁਕਮ ਨਾਲ ਉਹ ਸ੍ਰਿਸ਼ਟੀ ਦੀ ਸਿਰਜਣਾ ਕਰਦਾ ਹੈ।

**ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ॥**

-- ਗੁਰੂ ਨਾਨਕ ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਪੂਰਣ ਬ੍ਰਹਮ ਰੂਪ ਹੈ, ਕਰਤਾ ਹੈ, ਵਿਆਪਕ ਹੈ, ਜਿਸ ਨੂੰ ਪ੍ਰਭੂ ਦੇ ਨਿਰਗੁਣ ਅਤੇ ਸਰਗੁਣ, ਦੋਵੇਂ ਸਰੂਪਾਂ ਨੂੰ ਸਮ ਕਰ ਕੇ ਜਾਣਿਆ ਜਾਂਦਾ ਹੈ।

ਇਹੀ ਤੱਥ, ਕਵੀ ਭੱਟ ਜਾਲਪ ਨੇ ਗੁਰੂ ਨਾਨਕ ਦੇ ਤੀਜੇ ਸਰੂਪ ਦੀ ਉਸਤਤਿ ਕਰਦਿਆਂ ਪ੍ਰਗਟ ਕੀਤਾ ਹੈ ਕਿ ਉਹ ਆਪ ਨਾਰਾਇਣ, ਸੱਤਾ ਧਾਰ ਕੇ, Sovereign ਹੋ ਕੇ ਸੰਸਾਰ ਅੰਦਰ ਪਰਵੇਸ਼ ਹੋਇਆ ਹੈ। ਨਿਰੰਕਾਰ ਆਪ ਗੁਰੂ ਸਾਹਿਬ ਦਾ ਸਰੂਪ ਧਾਰ ਕੇ, ਜਗਤ ਵਿਚ ਆਪਣੀ ਜੋਤਿ ਪ੍ਰਗਟਾਈ ਹੈ, ਭਾਵ ਜਗਤ ਵਿਚ ਜ਼ਿੰਦਗੀ ਪਾਈ ਹੈ - 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥', ਪੰਨਾ ੧੩੯੫.

**ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ॥੯॥**

-- ਕਲ ਸਹਾਰ, ਗੁਰੂ ਨਾਨਕ ਦੇ ਸੋਹਣੇ ਜੱਸ ਨੂੰ ਜਪਦਾ ਹੈ, ਸਿਮਰਨ ਕਰਦਾ ਹੈ ਜਿਸਨੇ ਪ੍ਰਭੂ ਦੇ ਮਿਲਾਪ ਦੀ ਸਹਿਜ ਅਵੱਸਥਾ ਨੂੰ ਮਾਣਿਆ ਹੈ।੯।

**ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ॥**

-- ਨੌਂ ਨਾਥ ਵੀ ਉਸ ਗੁਰੂ ਨਾਨਕ ਦੇ ਗੁਣ ਸਿਮਰਦੇ ਹਨ ਜੋ ਧੰਨ ਹੈ, ਸਦਾ ਥਿਰ ਰਹਿਣ ਵਾਲੇ ਪ੍ਰਭੂ ਵਿਚ ਸਮਾਇਆ ਹੋਇਆ ਹੈ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੮੩੯ ਤੇ ਬਚਨ ਫ਼ੁਰਮਾਉਂਦੇ ਹਨ ਕਿ ਜੋਗੀਆਂ ਦੇ ਨੌਂ ਦੇ ਨੌਂ ਨਾਥ, ਧਰਤੀ ਦੇ ਸਾਰੇ ਹੀ ਨੌਂ ਖੰਡਾਂ ਦੇ ਜੀਵ, ਉਸ ਵਡੇ ਨਾਥ, ਮਾਲਕ ਦਾ ਨਾਮ ਜਪਦੇ ਹਨ ਜੋ ਮਹਾਂਬਲੀ ਹੈ ਅਤੇ ਵਿਆਪਕ ਹੈ - 'ਨਾਉ ਨਉਮੀ ਨਵੇ ਨਾਥ ਨਵ ਖੰਡਾ॥ ਘਟਿ ਘਟਿ ਨਾਥੁ ਮਹਾ ਬਲਵੰਡਾ॥' ਸ੍ਰੀ ਗੁਰੂ ਨਾਨਕ ਸਾਹਿਬ ਦੇ ਇਸ ਕਥਨ ਦੀ ਵਿਆਖਿਆ, ਕਵੀ ਕਲਸਹਾਰ ਜੀ ਨੇ ਕਰ ਦਿਤੀ ਕਿ ਉਹ ਨਾਥਾਂ ਦਾ ਨਾਥ ਗੁਰੂ ਨਾਨਕ ਹੈ, ਜਿਸ ਨੂੰ ਨੌਂ ਦੇ ਨੌਂ

ਨਾਥ ਸਿਮਰ ਰਹੇ ਹਨ। ਇਹੀ ਗਲ ਸਮਝਣ ਵਾਲੀ ਹੈ, ਕਿ ਮਾਲਕ ਬਾਰੇ ਉਸ ਦੇ ਜਨ ਤੋਂ, ਭਗਤ ਤੋਂ ਜਾਣਿਆ ਜਾ ਸਕਦਾ ਹੈ, ਪ੍ਰਭੂ ਆਪਣੇ ਆਪ ਨੂੰ ਨਹੀਂ ਜਣਾਉਂਦਾ। ਗੁਰੂ ਨਾਨਕ ਕੀ ਹੈ, ਭੱਟ ਕਲਸਹਾਰ ਨੇ ਦਸਣਾ ਹੈ, ਹੋਰ ਭੱਟ ਕਵੀਆਂ ਨੇ, ਭਾਈ ਗੁਰਦਾਸ ਨੇ, ਭਾਈ ਨੰਦ ਲਾਲ ਨੇ ਦਸਣਾ ਹੈ, ਜਿਵੇਂ ਭਗਤ ਰਵਿਦਾਸ ਜੀ ਜੀ ਦਾ ਫ਼ੁਰਮਾਣ ਹੈ - 'ਪ੍ਰਭ ਤੇ ਜਨੁ ਜਾਨੀਜੈ  ਜਨ ਤੇ ਸੁਆਮੀ।।', ਪੰਨਾ ੯੩. ਗੁਰੂ ਆਪਣੇ ਬਾਰੇ ਦਸਦਾ ਨਹੀਂ, ਆਪਣੇ ਜਨ ਨੂੰ ਜਣਾ ਦਿੰਦਾ ਹੈ, ਭੱਟ ਸਾਹਿਬਾਨ ਨੂੰ ਜਣਾ ਦਿਤਾ ਅਤੇ ਉਨ੍ਹਾਂ ਨੇ ਗੁਰੂ ਨਾਨਕ ਦੀ ਵਡਿਆਈ ਸਾਨੂੰ ਦਸ ਦਿਤੀ।

ਜੋਗੀਆਂ ਦੇ ਨੌਂ ਨਾਥ, ਜਾਂ ਮਹੰਤ ਹਨ - ਆਦਨਾਥ, ਮਛਿੰਦਰਨਾਥ, ਉਦਯਨਾਥ, ਸੰਤੋਖਨਾਥ, ਕੰਥੜਨਾਥ, ਸਤਯਨਾਥ, ਅਚੰਭਨਾਥ, ਚੌਰੰਗੀਨਾਥ, ਅਤੇ ਗੋਰਖਨਾਥ।

**ਮਾਂਧਾਤਾ ਗੁਣ ਰਵੈ  ਜੇਨ ਚਕ੍ਵੈ ਕਹਾਇਓ।।**

-- ਮਾਂਧਾਤਾ, ਅਤਿਅੰਤ ਬਲਸ਼ਾਲੀ ਰਾਜਾ, ਜੋ ਆਪਣੇ ਆਪ ਨੂੰ ਚਕਰਵਰਤੀ ਅਖਵਾਉਂਦਾ ਸੀ, ਵੀ ਗੁਰੂ ਨਾਨਕ ਦਾ ਸਿਮਰਣ ਕਰਦਾ ਹੈ, ਉਪਾਸਨਾ ਕਰਦਾ ਹੈ।

**ਗੁਣ ਗਾਵੈ ਬਲਿ ਰਾਉ  ਸਪਤ ਪਾਤਾਲਿ ਬਸੰਤੌ।।**

-- ਬਲਿ ਰਾਜਾ ਜੋ ਸਤਵੇਂ ਪਾਤਾਲ ਵਿਚ ਵਸਦਾ ਹੈ ਉਹ ਵੀ ਗੁਰੂ ਨਾਨਕ ਦੇ ਗੁਣਾਂ ਦਾ ਚਿਤਵਨ ਕਰਦਾ ਹੈ।

ਭਾਈ ਗੁਰਦਾਸ ਜੀ ਦਸਦੇ ਹਨ ਕਿ ਰਾਜਾ ਬਲ ਨੇ, ਮਹਾਰਾਜ ਦੇ ਬਾਵਨ ਅਵਤਾਰ ਜੀ ਤੋਂ, ਜਾਣਦੇ ਹੋਏ ਵੀ, ਆਪਣੇ ਆਪ ਨੂੰ ਆਪ ਛਲਾਇਆ। ਪ੍ਰਭੂ ਜੀ ਦਇਆਲ ਹੋ ਗਏ, ਗਲ ਨਾਲ ਲਾ ਲਿਆ ਅਤੇ ਪਾਤਾਲ ਦਾ ਰਾਜ ਸੌਂਪ ਦਿਤਾ। ਫ਼ਿਰ ਵੀ ਗੁਰੂ ਨਾਨਕ ਦੀ ਅਧੀਨਗੀ ਹੇਠ, ਉਨ੍ਹਾਂ ਦਾ ਹੀ ਜੱਸ ਗਾਇਨ ਕਰਦਾ ਰਿਹਾ ਪਰ ਮਹਾਰਾਜ, ਆਪਣੇ ਦਿਤੇ ਬਚਨ ਮੁਤਾਬਕ ਉਸਦੇ ਦਰਵਾਨ ਬਣ ਗਏ - 'ਬਲਿ ਛਲਿ ਆਪੁ ਛਲਾਇਅਨੁ  ਹੋਇ ਦਇਆਲੁ ਮਿਲੈ ਗਲਿ ਲਾਵੈ।। ਦਿਤਾ ਰਾਜੁ ਪਤਾਲ ਦਾ  ਹੋਇ ਅਧੀਨੁ ਭਗਤਿ ਜਸੁ ਗਾਵੈ।। ਹੋਇ ਦਰਵਾਨ ਮਹਾਂ ਸੁਖੁ ਪਾਵੈ।।', ਵਾਰ ੧੦:੩.

**ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ।।**

-- ਭਰਥਰੀ, ਜੋ ਹਮੇਸ਼ਾਂ ਆਪਣੇ ਗੁਰੂ ਗੋਰਖ ਨਾਲ ਵਸਦਾ ਹੈ, ਉਹ ਵੀ, ਗੁਰੂ ਨਾਨਕ ਦੇ ਗੁਣਾਂ ਦਾ ਸਿਮਰਨ ਕਰਦਾ ਹੈ।

ਭਰਥਰੀ, ਰਾਜਾ ਵਿਕ੍ਰਮਾਦਿਤ ਦਾ ਭਰਾ ਸੀ ਅਤੇ ਸੰਸਕ੍ਰਿਤ ਦਾ ਵਡਾ ਪੰਡਤ ਸੀ ਪਰ ਬਾਅਦ ਵਿਚ ਉਪਰਾਮ ਹੋ ਕੇ ਜੋਗੀ ਬਣ ਗਿਆ ਅਤੇ ਭਗਤੀ ਕਮਾਈ ਕੀਤੀ।

**ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ।।**

-- ਰਿਖੀ ਦੁਰਵਾਸਾ, ਰਾਜਾ ਪੁਰੋ ਅਤੇ ਅੰਗਿਰਾ ਰਿਖੀ ਵੀ ਗੁਰੂ ਨਾਨਕ ਦਾ ਜੱਸ ਕਰਦੇ, ਸਿਮਰਣ ਕਰਦੇ ਹਨ।

ਦੁਰਵਾਸਾ, ਬਹੁਤ ਭਗਤੀ ਕਮਾਈ ਵਾਲਾ ਰਿਖੀ ਸੀ ਅਤੇ ਜਲਦੀ ਵਰ ਸਰਾਪ ਦੇਣ ਲਈ ਪਰਸਿਧ ਹੈ। ਪਰੂਰਉ, ਪਹਿਲਾ ਚੰਦਰਬੰਸੀ ਰਾਜਾ ਸੀ, ਜਿਸ ਦੀ ਰਾਜਧਾਨੀ, ਪ੍ਰਯਾਗ ਦੇ ਕੋਲ ਸੀ। ਇਹ ਬਹੁਤ ਸਦਾਚਾਰੀ ਅਤੇ ਪ੍ਰਭੂ ਦਾ ਭਗਤ ਸੀ। ਅੰਗਿਰਾ ਵੀ ਇਕ ਰਿਖੀ ਸੀ, ਜਿਸ ਦਿ ਜ਼ਿਕਰ ਰਿਗ ਵੇਦ ਵਿਚ ਵੀ ਹੈ। ਉਥੇ ਇਸ ਨੂੰ ਰੱਬੀ ਗਿਆਨ ਦਾ ਸਿਖਿਅਕ ਕਿਹਾ ਗਿਆ ਹੈ। ਕਈਆਂ ਨੇ ਇਸ ਨੂੰ ਬ੍ਰਹਮ ਰਿਖੀ ਅਤੇ ਸਪਤ ਰਿਖੀਆਂ ਵਿਚੋਂ ਇਕ ਵੀ ਮੰਨਿਆਂ ਹੈ।

**ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ।।੧੦।।**

-- ਕਵੀ ਕਲ ਸਹਾਰ ਜੀ ਬਚਨ ਬੋਲਦੇ ਹਨ ਕਿ ਗੁਰੂ ਨਾਨਕ ਦਾ ਸੋਹਣਾ ਜੱਸ, ਹਰ ਸਹਿਜ ਅਵੱਸਥਾ ਵਾਲੇ ਪ੍ਰਾਣੀ ਦੇ ਅੰਦਰ ਸਮਾਇਆ ਹੋਇਆ ਹੈ।



12.10.2020